# ਰਿਕਾਰਡ ਪਲੇਸਮੈਂਟ ਅਤੇ GATE ਵਿੱਚ ਕਾਮਯਾਬੀ ਨਾਲ ਐਨਆਈਟੀ ਜਲੰਧਰ ਬਣਿਆ ਵਿਦਿਆਰਥੀਆਂ ਦੀ ਪਹਿਲੀ ਪਸੰਦ



ਜਲੰਧਰ, 30 ਅਗਸਤ, (ਜੇ.ਐਸ ਸੋਢੀ)– ਡਾ. ਬੀ. ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ ਟੈਕਨੋਲੋਜੀ, ਜਲੰਧਰ ਨੇ ਇੱਕ ਵਾਰ ਫਿਰਦਾਖਲਾ,ਪਲੇਸਮੈਂਟ ਅਤੇ ਰਾਸ਼ਟਰੀ ਪੱਧਰ ਦੀਆਂ ਪਰੀਖਿਆਵਾਂ ਵਿੱਚ ਉਲੇਲੇਖਣਯੋਗ ਸਫਲਤਾਵਾਂ ਹਾਸਲ ਕਰਕੇ ਦੇਸ਼ ਦੇ ਅਗੇਤੀ ਸਿੱਖਿਆ ਸੰਸਥਾਨਾਂ ਵਿੱਚ ਆਪਣੀ ਵਿਲੱਖਣ ਪਛਾਣ ਨੂੰ ਹੋਰ ਮਜ਼ਬੂਤ ਕੀਤਾ ਹੈ ਅਤੇ ਇਹ ਸਾਬਤ ਕੀਤਾ ਹੈ ਕਿ ਇਹ ਦੇਸ਼ ਦੇ ਪ੍ਰਮੁੱਖ ਉੱਚ ਸਿੱਖਿਆ ਸੰਸਥਾਨਾਂ ਵਿੱਚੋਂ ਇੱਕ ਹੈ। ਮੌਜੂਦਾ ਸ਼ੈਖਸ਼ਣਿਕ ਸੈਸ਼ਨ ਦੀ ਦਾਖਲਾ ਪ੍ਰਕਿਰਿਆ ਦੇ ਸਮਾਪਤ ਹੋਣ ਨਾਲ ਹੀ ਸਾਲ 2025 ਸੰਸਥਾਨ ਲਈ ਇੱਕ ਮਹੱਤਵਪੂਰਨ ਉਪਲਬਧੀ ਲੈ ਕੇ ਆਇਆ ਹੈ। ਇਸਸਾਲ, ਐਨ ਆਈ ਟੀ ਜਲੰਧਰ ਦੇਸ਼-ਭਰਦੇ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਕੇ ਉਭਰਿਆ ਹੈ। ਚਾਹੇ ਹੋਮ ਸਟੇਟਦੇ ਵਿਦਿਆਰਥੀ ਹੋਣ ਜਾਂ ਵੱਖ-ਵੱਖ ਸਟੇਟ ਤੋਂ ਆਉਣ ਵਾਲੇ, ਇੱਥੋਂ ਤੱਕ ਕਿ ਉੱਚ JEE ਰੈਂਕ ਹਾਸਲ ਕਰਨ ਵਾਲੇ ਉਮੀਦਵਾਰਾਂ ਨੇ ਵੀ ਇਸ ਵਾਰ ਐਨਆਈਟੀ ਜਲੰਧਰ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਹੈ। ਜੋ ਕਿ ਸੰਸਥਾਨ ਦੀਵਿਦਿਅਕ ਸ੍ਰੇਸ਼ਠਤਾਅਤੇ ਸਮੁੱਚੇ ਵਿਕਾਸ 'ਤੇ ਭਰੋਸੇ ਨੂੰ ਦਰਸਾਉਂਦੀ ਹੈ। ਇਹ ਸਫਲਤਾ ਸੰਸਥਾਨ ਦੇ ਨਿਰਦੇਸ਼ਕ ਪ੍ਰੋ. ਬਿਨੋਦ ਕੁਮਾਰ ਕਨੌਜੀਆ ਦੀ ਦੂਰਦਰਸ਼ੀ ਅਗਵਾਈ ਅਤੇ ਨਿਰੰਤਰ ਕੋਸ਼ਿਸ਼ਾਂ ਦਾ ਨਤੀਜਾ ਹੈ। ਉਨ੍ਹਾਂ ਦੀ ਰਹਿਨੁਮਾਈ ਅਤੇ ਨਿਸ਼ਠਾ ਨੇ ਸੰਸਥਾਨ ਨੂੰ ਨਵੀਆਂ ਉੱਚਾਈਆਂ ਤੱਕ ਪਹੁੰਚਾਇਆ ਹੈ। ਨਾਲ ਹੀ, ਫੈਕਲਟੀ ਅਤੇ ਸਟਾਫ਼ ਦੀ ਮਿਹਨਤ ਨੇ ਪੜ੍ਹਾਈ ਅਤੇ ਖੋਜ ਦੇ ਖੇਤਰ ਵਿੱਚ ਸੰਸਥਾਨ ਦੀ ਸਥਿਤੀ ਨੂੰ ਹੋਰ ਮਜ਼ਬੂਤ ਕੀਤਾ ਹੈ ਇਸੇ ਕ੍ਰਮ ਵਿੱਚ, ਇਸ ਸਾਲ JOSAA/CS12-2025ਦਾਖਲਾ ਪ੍ਰਕਿਰਿਆ ਵਿੱਚ ਵੀ ਇਸ ਵੱਧਦੇ ਰੁਝਾਨ ਦੀ ਸਪਸ਼ਟ ਝਲਕ ਮਿਲੀ ਹੈ। ਸਾਰੇ ਪ੍ਰੋਗਰਾਮਾਂ ਦੇ ਓਪਨਿੰਗ ਅਤੇ ਕਲੋਜ਼ਿੰਗ ਰੈਂਕ ਸਾਲ 2024 ਦੀ ਤੁਲਨਾ ਵਿੱਚ ਬਿਹਤਰ ਰਹੇ ਅਤੇ ਚੁਣੇ ਗਏ ਵਿਦਿਆਰਥੀਆਂ ਦੀ ਔਸਤ ਰੈਂਕ ਵੀ ਕਾਬਲੇ-ਗੌਰ ਢੰਗ ਨਾਲ ਸੁਧਰੀ। ਖਾਸ ਤੌਰ 'ਤੇ, ਕਈ ਇੰਜੀਨੀਅਰਿੰਗ ਸ਼ਾਖਾਵਾਂ ਵਿੱਚ ਹੋਮ ਸਟੇਟ ਦੀ ਕਲੋਜ਼ਿੰਗ ਰੈਂਕ ਹੋਰ ਸਟੇਟਨਾਲੋਂ ਉੱਚੀ ਰਹੀ, ਜੋ ਦਰਸਾਉਂਦੀ ਹੈ ਕਿ ਵਿਦਿਆਰਥੀ ਉੱਚ ਸਿੱਖਿਆ ਲਈ ਐਨਆਈਟੀ ਜਲੰਧਰ ਨੂੰ ਪਹਿਲ ਦੇ ਰਹੇ ਹਨ। ਇਸ ਤੋਂ ਇਲਾਵਾ, ਸਿਰਫ਼ ਦਾਖਲੇ ਵਿੱਚ ਹੀ ਨਹੀਂ, ਸੰਸਥਾਨ ਨੇ ਪਲੇਸਮੈਂਟ ਵਿੱਚ ਵੀ ਸ਼ਾਨਦਾਰ ਸਫਲਤਾ ਹਾਸਲ ਕੀਤੀ ਹੈ। ਬੀ.ਟੈਕ 2021-25 ਬੈਚ ਦਾ ਪਲੇਸਮੈਂਟ ਸੈਸ਼ਨ ਵੀ ਅਸਾਧਾਰਣ ਰਿਹਾ, ਜਿਸ ਵਿੱਚ 93% ਦੀ ਸ਼ਾਨਦਾਰ ਪਲੇਸਮੈਂਟ ਦਰ ਪ੍ਰਾਪਤ ਹੋਈ। ਇਲੈਕਟ੍ਰੋਨਿਕਸ ਐਂਡ ਕਮਿਊਨਿਕੇਸ਼ਨ, ਇਨਸਟਰੂਮੇਂਟੇਸ਼ਨ ਐਂਡ ਕੰਟਰੋਲ, ਕੈਮਿਕਲ, ਮਕੈਨਿਕਲ ਅਤੇ ਇੰਡਸਟਰੀਅਲ ਐਂਡ ਪ੍ਰੋਡਕਸ਼ਨ ਇੰਜੀਨੀਅਰਿੰਗ ਵਿਭਾਗਾਂ ਨੇ 100% ਪਲੇਸਮੈਂਟ ਦਾ ਮਾਣ ਹਾਸਲ ਕੀਤਾ। ਇਸ ਦੌਰਾਨ ਵੱਧ ਤੋਂ ਵੱਧ 52 ਲੱਖ ਸਾਲਾਨਾ ਪੈਕੇਜ ਤੱਕ ਦੇ ਆਫਰ ਦਿੱਤੇ ਗਏ। ਗੂਗਲ, ਮਾਈਕ੍ਰੋਸਾਫਟ ਅਤੇ ਅਮੇਜ਼ਾਨ ਵਰਗੀਆਂ ਗਲੋਬਲ ਟੈਕਨੋਲੋਜੀ ਕੰਪਨੀਆਂ ਮੁੱਖ ਭਰਤੀਕਾਰਾਂ ਵਿੱਚ ਸ਼ਾਮਲ ਰਹੀਆਂ। 200 ਤੋਂ ਵੱਧ ਰਾਸ਼ਟਰੀ ਅਤੇ ਬਹੁ-ਰਾਸ਼ਟਰੀ ਕੰਪਨੀਆਂ ਨੇ ਇਸ ਪਲੇਸਮੈਂਟ ਡਰਾਈਵ ਵਿੱਚ ਹਿੱਸਾ ਲਿਆ, ਜਿਨ੍ਹਾਂ ਵਿੱਚ ਗੋਲਡਮੈਨ, ਇਨਫੋਸਿਸ, ਵਿੱਪਰੋ, ਡੈੱਲ ਟੈਕਨੋਲੋਜੀਜ਼, ਐਕਸੈਂਚਰ, ਸੈਮਸੰਗ, ਐਚ.ਸੀ.ਐਲ., ਫਲਿਪਕਾਰਟ, ਰਿਲਾਇੰਸ, ਟਰਾਈਡੈਂਟ, ਟਾਟਾ ਮੋਟਰਜ਼, ਮਾਰੂਤੀ ਸੁਜ਼ੁਕੀ, ਐਲ ਐਂਡ ਟੀ, ਓਰੇਕਲ, ਆਈ.ਸੀ.ਆਈ.ਸੀ.ਆਈ. ਬੈਂਕ, ਕਾਗਨਿਜ਼ੈਂਟ, ਕੈਪਜੈਮਿਨੀ, ਪੇਟੀਐਮ ਅਤੇ ਨਾਇਕਾ ਵਰਗੀਆਂ ਮੁੱਖ ਕੰਪਨੀਆਂ ਸ਼ਾਮਲ ਸਨ ਇਸੇ ਸਕਾਰਾਤਮਕ ਰਫ਼ਤਾਰ ਨਾਲ ਸਾਲ 2026 ਬੈਚ ਦਾ ਪਲੇਸਮੈਂਟ ਸੈਸ਼ਨ ਵੀ ਸਫਲਤਾਪੂਰਵਕ ਸ਼ੁਰੂ ਹੋ ਚੁੱਕਾ ਹੈ, ਜਿਸ ਵਿੱਚ ਮਾਈਕ੍ਰੋਸਾਫਟ, ਇੰਟੈਲ, ਆਪਟਮ, ਅਮਰੀਕਨਐਕਸਪ੍ਰੈੱਸ, HPCL, ਹਨੀਵੈੱਲ, ਬਲੈਕਰਾਕ, ਓਰੇਕਲ ਅਤੇ ਹਿਊਜ਼ਿ ਅਸਸਿਸਟਮਜ਼ ਵਰਗੀਆਂ ਕੰਪਨੀਆਂ ਨੇ ਪਹਿਲਾਂ ਹੀ ਭਰਤੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਪਲੇਸਮੈਂਟ ਉਪਲਬਧੀਆਂ ਤੋਂ ਇਲਾਵਾ, ਸੰਸਥਾਨ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ ਦੀਆਂ ਮੁਕਾਬਲਾਤੀ ਪਰੀਖਿਆਵਾਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।

ਸੰਸਥਾਨ ਦੇ 2 ਪੂਰਵ ਵਿਦਿਆਰਥੀਆਂ ਨੇ ਸਾਲ 2024 ਦੀ ਪ੍ਰਤਿਸ਼ਠਿਤ ਯੂਪੀਐੱਸਸੀ (UPSC)ਪਰੀਖਿਆ ਪਾਸ ਕੀਤੀ, ਜਦਕਿ 100 ਤੋਂ ਵੱਧ ਵਿਦਿਆਰਥੀਆਂ ਨੇ ਸ਼ਾਨਦਾਰ ਅੰਕਾਂ ਨਾਲ ਗੇਟ (GATE) ਪਰੀਖਿਆ ਵਿੱਚ ਸਫਲਤਾ ਹਾਸਲ ਕੀਤੀ ਇਹ ਉਪਲਬਧੀਆਂ ਸਪਸ਼ਟ ਕਰਦੀਆਂ ਹਨ ਕਿ ਐਨਆਈਟੀ ਜਲੰਧਰ ਨਿਰੰਤਰ ਵਿਦਿਅਕ ਸ੍ਰੇਸ਼ਠਤਾ ਅਤੇ ਉੱਚ ਸਿੱਖਿਆ ਤੇ ਖੋਜ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ। ਸੰਸਥਾਨ ਆਪਣੇ ਵਿਦਿਆਰਥੀਆਂ ਨੂੰ ਐਸਾ ਸਸ਼ਕਤ ਮਾਹੌਲ ਪ੍ਰਦਾਨ ਕਰਦਾ ਹੈ, ਜਿੱਥੇ ਉਹ ਉਦਯੋਗ, ਅਕਾਦਮਿਕ ਅਤੇ ਸਮਾਜ ਦੇ ਭਵਿੱਖੀ ਨੇਤ੍ਰਿਤਵਕਰਤਾ ਬਣਨ ਦੀ ਦਿਸ਼ਾ ਵੱਲ ਅੱਗੇ ਵਧ ਸਕਣ।